# PC–9801/NJ

**F–38/2110**

## ਪੰਜਾਬੀ (ਲਾਜ਼ਮੀ)

(Semester–III)

(Syllabus December, 2019)

Time : Three Hours] [Maximum Marks : 35

### ਭਾਗ-ੳ

I. 'ਇਕ ਮਿਆਨ ਦੋ ਤਲਵਾਰਾਂ' ਨਾਵਲ ਦਾ ਸਾਰ ਲਿਖੋ।

*ਜਾਂ*

'ਇਕ ਮਿਆਨ ਦੋ ਤਲਵਾਰਾਂ' ਨਾਵਲ ਨੂੰ ਕਲਾਤਮਕ ਦ੍ਰਿਸ਼ਟੀਕੋਣ ਤੋਂ ਪਰਖੋ।

*ਜਾਂ*

'ਇਕ ਮਿਆਨ ਦੋ ਤਲਵਾਰਾਂ' ਨਾਵਲ ਦੇ ਵਿਚਾਰਧਾਰਾਈ ਸਰੋਕਾਰ ਬਿਆਨ ਕਰੋ। 5

II. ਹੇਠਾਂ ਦਿੱਤੇ ਪਾਤਰਾਂ ਵਿਚੋਂ ਕਿਸੇ *ਇਕ* ਪਾਤਰ ਦਾ ਪਾਤਰ ਚਿਤਰਣ ਕਰੋ :

(ੳ) ਕਰਤਾਰ ਸਿੰਘ ਸਰਾਭਾ।

(ਅ) ਬੀਰੀ (ਰਘਬੀਰ ਕੌਰ)।

(ੲ) ਲਾਲਾ ਹਰਦਿਆਲ। 1×6=6

## ਭਾਗ–ਅ

III. ਤੁਹਾਡਾ ਮੋਬਾਇਲ ਫੋਨ ਚੋਰੀ ਹੋ ਗਿਆ ਹੈ, ਇਸ ਦੀ ਸੂਚਨਾ ਦੇਣ ਲਈ ਥਾਣੇ ਦੇ ਐਸ.ਐਚ.ਓ. ਨੂੰ ਇਕ ਚਿੱਠੀ ਲਿਖੋ।

*ਜਾਂ*

ਪੰਜਾਬ ਰੋਡਵੇਜ਼ ਦੇ ਜਨਰਲ ਮੈਨੇਜਰ ਨੂੰ ਆਪਣੇ ਸ਼ਹਿਰ ਦੇ ਬੱਸ ਅੱਡੇ ਦੀ ਦੁਰਦਸ਼ਾ ਬਾਰੇ ਚਿੱਠੀ ਲਿਖੋ ਅਤੇ ਸੁਧਾਰ ਦੇ ਉਪਾਅ ਵੀ ਬਿਆਨ ਕਰੋ।

*ਜਾਂ*

ਆਪਣੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਕੇਬਲ ਟੀ.ਵੀ. ਤੇ ਤਾਂਤਰਿਕਾਂ ਵੱਲੋਂ ਦਿੱਤੇ ਜਾਂਦੇ ਇਸ਼ਤਿਹਾਰਾਂ ਉੱਤੇ ਰੋਕ ਲਗਾਉਣ ਸੰਬੰਧੀ ਪੱਤਰ ਲਿਖੋ। 4

IV. ਮੂਲ ਵਿਆਕਰਨਿਕ ਇਕਾਈਆਂ ਤੋਂ ਕੀ ਭਾਵ ਹੈ? ਇਸ ਦੀ ਪਰਿਭਾਸ਼ਾ ਲਿਖੋ ਅਤੇ ਵੰਡ ਦੇ ਆਧਾਰ ਦੱਸੋ।

*ਜਾਂ*

ਉਪਵਾਕ ਦੀ ਪਰਿਭਾਸ਼ਾ ਦਿੰਦੇ ਹੋਏ ਕਾਰਜ ਅਤੇ ਸਥਾਨ ਦੇ ਆਧਾਰ ਤੇ ਉਪਵਾਕਾਂ ਦੀ ਵੰਡ ਕਰੋ। 5

**ਭਾਗ–ੲ**

V. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿਚ ਦਿਓ :

1. ਟਿਵਾਣਿਆਂ ਦਾ ਸਿਤਾਰਾ ਕਿਉਂ ਚਮਕਿਆ ਹੋਇਆ ਸੀ?
2. ਕਰਤਾਰ ਸਿੰਘ ਸਰਾਭਾ ਨੇ ਅਮਰੀਕਾ ਵਿੱਚ ਗ਼ਦਰ ਪਾਰਟੀ ਲਈ ਕੀ ਕੰਮ ਕੀਤਾ?
3. ਗਦਰੀ ਭਾਰਤ ਵਿੱਚ ਕਿਸ ਤਰ੍ਹਾਂ ਦੀ ਕਾਰਵਾਈ ਕਰਨੀ ਚਾਹੁੰਦੇ ਸਨ?
4. ਕਰਤਾਰ ਸਿੰਘ ਸਰਾਭਾ ਆਪਣੇ ਸਾਥੀਆਂ ਨਾਲ ਪਿੰਡ ਮਤਨੀ ਕਿਵੇਂ ਪੁੱਜਾ?
5. ਸੁਦਰਸ਼ਨ ਨੇ ਬੀਰੀ ਨੂੰ ਚਿੱਠੀ ਵਿੱਚ ਕੀ ਲਿਖਿਆ ਸੀ?

6. ਬਾਬਾ ਸੁਖਦੇਵ ਸਿੰਘ ਨੇ ਮਥਰਾ ਸਿੰਘ ਨੂੰ ਕਿਸ ਤਰ੍ਹਾਂ ਫੜਾਇਆ?

7. ਬਾਬਾ ਸੁਖਦੇਵ ਸਿੰਘ ਕਿਹੜੀ ਖ਼ਬਰ ਪੜ੍ਹ ਕੇ ਲੜਖੜਾ ਕੇ ਡਿੱਗ ਪਏ ਸਨ?

8. ਫਾਂਸੀ ਲੱਗਣ ਤੋਂ ਪਹਿਲਾਂ ਕਰਤਾਰ ਸਿੰਘ ਸਰਾਭੇ ਦੀ ਹਾਲਤ ਕਿਹੋ ਜਿਹੀ ਸੀ?

9. ਭਾਵੰਸ਼ ਅਤੇ ਵਾਕੰਸ਼ ਵਿੱਚ ਅੰਤਰ ਸਪੱਸ਼ਟ ਕਰੋ।

10. ਮਿਸ਼ਰਤ ਵਾਕ ਤੇ ਸੰਯੁਕਤ ਵਾਕ ਵਿੱਚ ਅੰਤਰ ਸਪੱਸ਼ਟ ਕਰੋ।

11. ਮੂਲ ਵਿਆਕਰਨਿਕ ਇਕਾਈਆਂ ਕਿਹੜੀਆਂ-ਕਿਹੜੀਆਂ ਹਨ?

12. ਵਿਧੇ ਵਾਕ ਦਾ ਕਿਹੜਾ ਭਾਗ ਹੁੰਦਾ ਹੈ?

13. ਬਿਆਨੀਆ ਵਾਕ ਦੀ ਪਰਿਭਾਸ਼ਾ ਦਿਉ।

14. ਸ਼ਬਦ ਦੀ ਪਰਿਭਾਸ਼ਾ ਦਿਉ।

15. ਸਾਧਾਰਨ ਵਾਕ ਦੀ ਪਰਿਭਾਸ਼ਾ ਦਿਉ। $1 \times 15 = 15$

---